**ਮਿਤੀ 28.5.2014 ਨੂੰ ਮਾਨਯੋਗ ਸ਼੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 13ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 13ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ਼੍ਰੀ ਚੁੰਨੀ ਲਾਲ ਭਗਤ ਜੀ ਦੀ ਪ੍ਰਧਾਨਗੀ ਹੇਠ ਮਿਤੀ 28.5.2014 ਨੂੰ ਸਮਾਂ 12:30 ਵਜੇ (ਬ.ਦ) ਸਰਕਟ ਹਾਉਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ ਅਨੁਲੱਗ 'ੳ' ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਅਰੰਭ ਵਿੱਚ ਮੈਂਬਰ ਸਕੱਤਰ ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰਾਂ ਨੂੰ "ਜੀ ਆਇਆ" ਆਖਿਆ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **ਬੋਰਡ ਦੀ 12ਵੀਂ ਮੀਟਿੰਗ ਮਿਤੀ 18.2.2014 ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 18.2.2014 ਨੂੰ ਹੋਈ 12ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2013-14/1405-1417 ਮਿਤੀ 04.03.2014 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਬੋਰਡ ਵਲੋਂ 12ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **ਬੋਰਡ ਦੀ 12ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ 12ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਦਰਸਾਏ ਫੈਸਲਿਆਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

**8ਵੀਂ ਮੀਟਿੰਗ ਆਈਟਮ ਨੰ:7** **ਬੋਰਡ ਵਲੋਂ ਲੇਬਰ ਸ਼ੈਡ ਬਨਾਉਂਣ ਸਬੰਧੀ।**

ਇਸ ਅਜੰਡਾ ਆਈਟਮ ਬਾਰੇ ਮੈਂਬਰਾਂ ਵਲੋਂ ਵਿਸਥਾਰ-ਪੁਰਬਕ ਵਿਚਾਰ ਵਟਾਂਦਰਾ ਕੀਤਾ ਗਿਆ। ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਨਾਉਣ ਲਈ ਅਨੁਲਗ 'ਕ' ਅਨੁਸਾਰ ਜ਼ੋ 17 ਤਜਵੀਜਾਂ ਪ੍ਰਾਪਤ ਹੋਈਆਂ ਹਨ, ਉਨ੍ਹਾਂ ਨੂੰ ਵਾਚਣ ਉਪਰੰਤ ਸ੍ਰੀ ਕਰਤਾਰ ਸਿੰਘ ਰਾਠੋਰ, ਮੈਂਬਰ ਵਲੋਂ ਪ੍ਰੇਖਣ ਕੀਤਾ ਗਿਆ ਕਿ ਇਨ੍ਹਾਂ ਤਜਵੀਜਾਂ ਵਿੱਚ ਜਲੰਧਰ ਜਿਲ੍ਹੇ ਦੀ ਕੋਈ ਤਜਵੀਜ ਸ਼ਾਮਲ ਨਹੀਂ ਹੈ, ਜਿਸ ਬਾਰੇ ਮੋਕੇ ਤੇ ਸ੍ਰੀ ਮਨਮੋਹਨ ਸਿੰਘ, ਪ੍ਰਤਿਨਿਧ ਸਥਾਨਕ ਸਰਕਾਰ ਵਲੋਂ ਕਿਹਾ ਗਿਆ ਕਿ ਉਹ ਜਲੰਧਰ ਜਿਲ੍ਹੇ ਬਾਰੇ ਵੀ ਤਜਵੀਜ ਜਲਦੀ ਭਿਜਵਾ ਦੇਣਗੇ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਇਨ੍ਹਾਂ ਸਾਰੀਆਂ ਤਜਵੀਜਾਂ ਦੀ ਸਾਈਟ ਇੰਸਪੈਕਸ਼ਨ ਸਬੰਧਤ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਵਲੋਂ ਕਰਵਾਈ ਜਾਵੇ ਤਾਂ ਜ਼ੋ ਇਸ ਗੱਲ ਦੀ ਪੁਸ਼ਟੀ ਹੋ ਸਕੇ ਕਿ ਪ੍ਰਸਤਾਵਿਤ ਸਾਈਟ ਉਸਾਰੀ ਕਿਰਤੀਆਂ ਲਈ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਨਾਉਣ ਲਈ ਹਰ ਪੱਖੋਂ ਢੁਕਵੀਂ ਅਤੇ ਯੋਗ ਹੈ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋ ਇਹ ਵੀ ਕਿਹਾ ਗਿਆ ਕਿ ਮੁੱਖ ਆਰਕੀਟੈਕਟ ਦੁਆਰਾ ਪਾਸ ਕੀਤੇ ਨਕਸ਼ੇ ਅਨੁਸਾਰ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦੀ ਉਸਾਰੀ ਲਈ ਮਾਰਕਫੈਡ, ਪੀ.ਐਸ.ਆਈ.ਈ.ਸੀ ਅਤੇ ਸਬੰਧਤ ਮਿਉਂਸਪਲ ਕੋਂਸਲਾਂ ਨਾਲ ਰਾਬਤਾ ਕਾਇਮ ਕਰਕੇ ਉਸਾਰੀ ਦੇ ਰੇਟ-ਟੈਂਡਰ ਮੰਗਵਾਏ ਜਾਣ। ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ ਲਈ ਬੋਰਡ ਵਲੋਂ ਸਰਵ-ਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| 11ਵੀਂ ਮੀਟਿੰਗ ਅਜੰਡਾ ਆਈਟਮ ਨੰ:8 | **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਪੈਨਸ਼ਨ ਸਕੀਮ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਐਲ.ਆਈ.ਸੀ ਦੁਆਰਾ ਤਿਆਰ ਕੀਤੇ ਗਏ 'ਪੈਨਸ਼ਨ ਮੈਂਬਰ ਸਰਟੀਫੀਕੇਟ' ਜਿਨਾਂ ਵਿੱਚ ਲਾਭਪਾਤਰੀ ਦਾ ਅਧਾਰ ਕਾਰਡ ਨੰਬਰ ਦਰਜ ਕੀਤਾ ਹੋਇਆ ਸੀ, ਮਿਤੀ 25.2.2014 ਨੂੰ ਜਲੰਧਰ ਵਿਖੇ ਕਿਰਤੀਆਂ ਦੇ ਇਕੱਠ ਵਿੱਚ ਮਾਨਯੋਗ ਕਿਰਤ ਮੰਤਰੀ ਪੰਜਾਬ ਕਮ-ਚੇਅਰਮੈਨ ਬੋਰਡ ਜੀ ਵਲੋਂ ਆਪਣੇ ਕਰ-ਕਮਲਾਂ ਨਾਲ 150 ਲਾਭਪਾਤਰੀਆਂ ਨੂੰ ਵੰਡੇ ਗਏ ਸਨ। ਮੈਂਬਰ ਸਾਹਿਬਾਨ ਵਲੋਂ ਇੱਛਾ ਪ੍ਰਗਟ ਕੀਤੀ ਗਈ ਕਿ ਅਜਿਹੇ 'ਪੈਨਸ਼ਨ ਮੈਂਬਰ ਸਰਟੀਫਿਕੇਟ' ਦਾ ਨਮੂਨਾ ਬੋਰਡ ਦੀ ਅਗਲੀ ਮੀਟਿੰਗ ਵਿੱਚ ਜਾਣਕਾਰੀ ਲਈ ਪੇਸ਼ ਕੀਤਾ ਜਾਵੇ।

| | |
|---|---|
| 12ਵੀਂ ਮੀਟਿੰਗ ਅਜੰਡਾ ਆਈਟਮ ਨੰ:3 | **ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬਚਿਆਂ ਨੂੰ ਵਜੀਫਾ ਸਕੀਮ ਅਧੀਨ, ਵਜੀਫੇ ਦੇ ਨਾਲ ਯੂਨੀਫਾਰਮ ਅਲਾਂਉਸ/ ਐਜੂਕੇਸ਼ਨ ਅਲਾਉਂਸ (ਕਿਤਾਬਾਂ ਅਤੇ ਸਟੇਸ਼ਨੀ ਅਲਾਉਂਸ) ਦੇਣ ਬਾਰੇ ਸਕੀਮ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਭਲਾਈ ਸਕੀਮਾਂ ਅਧੀਨ ਦਿਤੀ ਜਾਣ ਵਾਲੀ ਰਾਸ਼ੀ ਆਰ.ਟੀ.ਜੀ.ਐਸ ਰਾਹੀਂ online ਸਿੱਧੀ ਲਾਭਪਾਤਰੀ ਦੇ ਖਾਤੇ ਵਿੱਚ ਟ੍ਰਾਂਸਫਰ ਕੀਤੀ ਜਾਂਦੀ ਹੈ ਅਤੇ ਸਿਰਫ ਅਜਿਹੇ ਕੇਸਾਂ ਜਿਥੇ ਕਿ ਲਾਭਪਾਤਰੀ ਦਾ ਬੈਂਕ ਖਾਤਾ ਨੰਬਰ ਗਲਤ ਪਾਇਆ ਜਾਂਦਾ ਹੈ ਜਾਂ ਆਈ.ਐਫ.ਐਸ.ਸੀ ਕੋਡ ਗਲਤ ਹੋਣ ਕਾਰਣ ਬੈਂਕ ਵਲੋਂ ਉਸ ਦੀ ਰਾਸ਼ੀ online ਟ੍ਰਾਂਸਫਰ ਕਰਨ ਤੋਂ ਨਾਂਹ ਕਰ ਦਿਤੀ ਜਾਂਦੀ ਹੈ, ਵਿੱਚ ਹੀ ਲਾਭਪਾਤਰੀ ਦੇ ਨਾ Account Payee ਚੈਕ ਕੱਟੇ ਜਾਂਦੇ ਹਨ, ਜ਼ੋਕਿ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਹੀ ਜਮ੍ਹਾਂ ਹੋ ਸਕਦੇ ਹਨ ਅਤੇ ਅਜਿਹੇ ਚੈਕਾਂ ਦੀ ਅਦਾਇਗੀ ਕਿਸੇ ਸੂਰਤ ਵਿੱਚ ਨਗਦ ਨਹੀਂ ਕੀਤੀ ਜਾ ਸਕਦੀ। ਬੋਰਡ ਵਲੋਂ ਇਸ ਪ੍ਰਥਾ ਦੀ ਸ਼ਲਾਘਾ ਕੀਤੀ ਗਈ ਅਤੇ ਅੱਗੋਂ ਤੋਂ ਇਸ ਪ੍ਰਥਾ ਨੂੰ ਚਾਲੂ ਰੱਖਣ ਲਈ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| 12ਵੀਂ ਮੀਟਿੰਗ ਅਜੰਡਾ ਆਈਟਮ ਨੰ: 4 | **ਮੋਹਾਲੀ ਵਿਖੇ ਫੇਸ-10 ਵਿੱਚ ਖਾਲੀ ਪਲਾਟ ਤੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਕਰਨ ਲਈ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਕਰਜਾ ਦੇਣ ਬਾਰੇ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 18.2.14 ਨੂੰ ਹੋਈ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਆਪਣੇ ਮੁਹਾਲੀ ਵਿਖੇ ਖਾਲੀ ਪਲਾਟ ਤੇ ਉਸਾਰੀ ਕਰਨ ਲਈ 10 ਕਰੋੜ ਰੁਪਏ ਕਰਜਾ ਦੇਣ ਬਾਰੇ ਫੈਸਲੇ ਸਬੰਧੀ ਸੂਚਿਤ ਕਰ ਦਿਤਾ ਗਿਆ ਹੈ ਅਤੇ ਪ੍ਰਸਤਾਵਿਤ ਬਿਲਡਿੰਗ ਦਾ ਨਕਸ਼ਾ ਵੀ ਮੁੱਖ ਆਰਕੀਟੈਕਟ ਪੰਜਾਬ ਤੋਂ ਪਾਸ ਕਰਵਾ ਲਿਆ ਗਿਆ ਹੈ। ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਹਿਬਾਨ ਵਲੋਂ ਪ੍ਰੇਖਣ ਕੀਤਾ ਗਿਆ ਕਿ ਵਿਭਾਗ ਵਲੋਂ ਮੁਹਾਲੀ ਵਿਖੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਦਾ ਕੰਮ ਕਈ ਸਾਲਾਂ ਤੋਂ ਲਮਕਾ ਅਵਸਥਾ ਵਿੱਚ ਚਲਿਆ ਆ ਰਿਹਾ ਹੈ ਅਤੇ ਹੁਣ ਤੱਕ ਵੀ ਇਸ ਕੰਮ ਵਿੱਚ ਕੋਈ ਪ੍ਰਗਤੀ ਨਹੀਂ ਹੋਈ। ਉਨ੍ਹਾਂ ਵਲੋਂ ਇਹ ਇੱਛਾ ਪ੍ਰਗਟ ਕੀਤੀ ਗਈ ਕਿ ਵਿਭਾਗ ਵਲੋਂ ਮੁਹਾਲੀ ਵਿਖੇ ਉਸਾਰੀ ਜਾਣ ਵਾਲੀ ਬਿਲਡਿੰਗ ਦਾ ਜ਼ੋ ਨਕਸ਼ਾ ਤਿਆਰ ਕੀਤਾ ਗਿਆ ਹੈ ਉਹ ਬੋਰਡ ਦੀ ਜਾਣਕਾਰੀ ਲਈ ਮੀਟਿੰਗ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਸ ਸਬੰਧ ਵਿੱਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਪਸ਼ਟ ਕੀਤਾ ਗਿਆ ਕਿ ਮੁਹਾਲੀ ਵਿਖੇ ਫੇਸ 10 ਵਿੱਚ ਖਾਲੀ ਪਲਾਟ ਤੇ ਜਿਸ ਬਿਲਡਿੰਗ ਦੀ ਉਸਾਰੀ ਕੀਤੀ ਜਾਣੀ ਹੈ, ਉਹ ਪਲਾਟ ਵਿਭਾਗ ਦੇ ਦੂਜੇ ਬੋਰਡ ਅਰਥਾਤ **ਪੰਜਾਬ ਲੇਬਰ ਵੈਲਫੇਅਰ ਬੋਰਡ** ਦਾ ਹੈ। ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਤਾਂ ਇਸ ਬਿਲਡਿੰਗ ਦੀ ਉਸਾਰੀ ਲਈ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਨਿਰਧਾਰਿਤ ਸ਼ਰਤਾਂ ਅਨੁਸਾਰ 10 ਕਰੋੜ ਰੁਪਏ ਕਰਜਾ ਦੇਣ ਦਾ ਫੈਸਲਾ ਲਿਆ ਗਿਆ ਹੈ। ਫਿਰ ਵੀ ਪ੍ਰਮੁੱਖ ਸਕੱਤਰ ਕਿਰਤ ਜੀ ਵਲੋ ਕਿਹਾ ਗਿਆ ਕਿ ਮੁਹਾਲੀ ਵਿਖੇ ਪ੍ਰਸਤਾਵਿਤ ਬਿਲਡਿੰਗ ਦਾ ਜ਼ੋ ਨਕਸ਼ਾ ਮੁੱਖ ਆਰਕੀਟੈਕਟ ਵਲੋਂ ਪਾਸ ਕੀਤਾ ਗਿਆ ਹੈ ਉਹ ਅਗਲੀ ਮੀਟਿੰਗ ਵਿੱਚ ਬੋਰਡ ਦੀ ਜਾਣਕਾਰੀ ਲਈ ਪੇਸ਼ ਕੀਤਾ ਜਾਵੇ। ਬੋਰਡ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**12ਵੀਂ ਮੀਟਿੰਗ ਅਜੰਡਾ ਆਈਟਮ ਨੰ: 8**

**ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ਼ੀਦ ਲਈ ਸਾਈਕਲ ਸਕੀਮ।**

ਸਲਾਹਕਾਰ ਬੋਰਡ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 18.2.14 ਨੂੰ ਹੋਈ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੁਆਰਾ ਚਲਾਈ ਜਾ ਰਹੀ 'ਸਾਈਕਲ ਸਕੀਮ' ਅਧੀਨ ਨਿਰਧਾਰਿਤ ਰਾਸ਼ੀ ਬਾਰੇ ਪੁੱਛਣ ਤੇ ਸਬੰਧਤ ਵਿਭਾਗ ਵਲੋਂ 20" ਅਤੇ 22" ਦੇ ਕੇਵਲ ਲੇਡੀ ਸਾਈਕਲ ਦੇ ਰੇਟ ਕ੍ਰਮਵਾਰ ਰੁ. 2695.05 ਅਤੇ ਰੁ. 2795.70 ਸਾਲ 2013-14 ਲਈ ਦੱਸੇ ਗਏ ਹਨ ਅਤੇ ਸਾਲ 2014-15 ਬਾਰੇ ਕੋਈ ਰੇਟ ਨਹੀਂ ਦੱਸੇ ਗਏ। ਕਿਉਂਕਿ ਬੋਰਡ ਦੀ ਸਾਈਕਲ ਸਕੀਮ ਅਧੀਨ ਲਾਭਪਾਤਰੀਆਂ ਦੇ ਲੜਕੇ / ਲੜਕੀਆਂ ਦੋਨਾਂ ਨੂੰ ਸਾਈਕਲ ਦਿਤੇ ਜਾਣੇ ਹਨ, ਇਸ ਕਾਰਨ ਸਬੰਧਤ ਵਿਭਾਗ ਵਲੋਂ ਦੱਸੇ ਰੇਟ ਬੋਰਡ ਦੀ ਜਰੂਰਤ ਅਨੁਸਾਰ ਲਾਭਦਾਇਕ ਉਦੇਸ਼ ਪੂਰਾ ਨਹੀਂ ਕਰਦੇ। ਇਸ ਮਾਮਲੇ ਤੇ ਵਿਸਥਾਰ-ਪੁਰਬਕ ਵਿਚਾਰ ਵਟਾਂਦਰੇ ਉਪਰੰਤ ਮੈਂਬਰ ਸਾਹਿਬਾਨ ਵਲੋਂ ਸੁਝਾ ਦਿਤਾ ਗਿਆ ਕਿ ਸਾਈਕਲ ਸਬੰਧੀ ਰੇਟ ਲਿਸਟ ਐਟਲਸ ਅਤੇ ਹੀਰੋ ਸਾਈਕਲ ਵਲੋਂ ਲੁਧਿਆਣਾ ਤੋਂ ਬਲਕ ਸਪਲਾਈ ਦੇ ਮੰਗਵਾਏ ਜਾਣ ਤਾਂ ਜੋ ਇਸ ਸਕੀਮ ਅਧੀਨ ਸਾਈਕਲ ਦੀ ਰਾਸ਼ੀ ਨਿਰਧਾਰਿਤ ਕਰਨ ਬਾਰੇ ਬੋਰਡ ਦੀ ਅਗਲੀ ਮੀਟਿੰਗ ਵਿੱਚ ਫੈਸਲਾ ਲਿਆ ਜਾ ਸਕੇ, ਜਿਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

## ਵਿਸ਼ੇਸ਼ ਅਜੰਡਾ

**"ਵਿਸ਼ਾ:- ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਿਚ PRO (Public Relation Officer) ਦੀ ਅਸਾਮੀ ਦੀ ਤਨਖਾਹ ਨਿਸ਼ਚਿਤ ਕਰਨ ਬਾਰੇ।"**

ਬੋਰਡ ਵਿੱਚ ਨਿਯੁਕਤ ਪਬਲਿਕ ਰਿਲੇਸ਼ਨ ਅਫਸਰ ਦੀ ਤਨਖਾਹ ਨਿਰਧਾਰਿਤ ਕਰਨ ਬਾਰੇ ਮਾਮਲੇ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਇਹ ਆਈਟਮ ਪ੍ਰਵਾਨ ਨਹੀਂ ਕੀਤੀ ਗਈ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਇਹ ਮੱਦ ਉਨ੍ਹਾਂ ਨਾਲ ਅੱਡ ਤੋਰ ਤੇ ਡਿਸਕਸ ਕੀਤੀ ਜਾਵੇ। ਬੋਰਡ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**13ਵੀਂ ਮੀਟਿੰਗ ਅਜੰਡਾ ਆਈਟਮ ਨੰ:3**

**ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਸਾਲ 2013-14 ਦੀ ਸਾਲਾਨਾ ਗਤੀਵਿਧੀਆਂ ਬਾਰੇ ਰਿਪੋਟ।**

ਇਸ ਅਜੰਡਾ ਆਈਟਮ ਤੇ ਵਿਸਥਾਰ-ਪੁਰਵਕ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਬੋਰਡ ਦੀ ਸਾਲ 2013-14 ਦੀ ਗਤੀਵਿਧੀਆਂ ਬਾਰੇ ਪੇਸ਼ ਕੀਤੀ ਸਾਲਾਨਾ ਰਿਪੋਟ ਪ੍ਰਵਾਨ ਕੀਤੀ ਗਈ।

**13ਵੀਂ ਮੀਟਿੰਗ ਅਜੰਡਾ ਆਈਟਮ ਨੰ:4**

**ਉਸਾਰੀ ਕਿਰਤੀਆਂ ਨੂੰ ਮਕਾਨ ਬਨਾਉਣ ਲਈ ਜਾਂ ਬਣਿਆ ਬਣਾਇਆ ਮਕਾਨ (Dwelling Unit) ਲੈਂਣ ਲਈ ਵਿਤੀ ਸਹਾਇਤਾ ਦੇਣ ਸਬੰਧੀ ਸਕੀਮ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਮਾਨਯੋਗ ਕਿਰਤ ਮੰਤਰੀ ਪੰਜਾਬ ਕਮ-ਚੇਅਰਮੈਨ ਬੋਰਡ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਕਿਉਂ ਜ਼ੋ ਉਸਾਰੀ ਕੰਮਾਂ ਵਿੱਚ ਕੰਮ ਕਰਨ ਵਾਲੇ ਉਸਾਰੀ ਕਿਰਤੀ ਆਮ ਕਰਕੇ ਸਮਾਜ ਦੇ ਗਰੀਬ, ਅਨਪੜ੍ਹ ਅਤੇ ਪਿਛੜੇ ਪਰੀਵਾਰਾਂ ਨਾਲ ਸਬੰਧ ਰੱਖਦੇ ਹਨ, ਇਸ ਕਾਰਨ ਉਹ ਮਕਾਨ ਬਨਾਉਣ ਜਾਂ ਬਣਿਆ ਬਣਾਇਆ ਮਕਾਨ ਖਰੀਦਣ ਵਾਸਤੇ ਬੈਂਕਾਂ ਤੋਂ ਕਰਜੇ ਲੈਣ ਦੀ ਪ੍ਰਕ੍ਰਿਆ ਤੋਂ ਵਾਕਫ ਨਹੀਂ ਹੁੰਦੇ ਅਤੇ ਇਸ ਕਾਰਨ ਉਨ੍ਹਾਂ ਨੂੰ ਇਸ ਮੰਤਵ ਲਈ ਬੈਂਕ ਤੋਂ ਲਏ ਕਰਜੇ ਦੇ ਵਿਆਜ ਵਿੱਚ ਦਿਤੀ ਜਾਣ ਵਾਲੀ ਵਿਤੀ ਸਹਾਇਤਾ ਦਾ ਕੋਈ ਜਿਆਦਾ ਲਾਭ ਨਹੀਂ ਹੋਵੇਗਾ। ਮਾਨਯੋਗ ਚੇਅਰਮੈਨ ਜੀ ਵਲੋਂ ਸੁਝਾ ਦਿਤਾ ਗਿਆ ਕਿ ਇਸ ਸਬੰਧ ਵਿੱਚ ਰਜਿਸਟਰਡ ਉਸਾਰੀ ਕਿਰਤੀਆਂ ਲਈ ਸਰਲ ਸਕੀਮ ਬਣਾਈ ਜਾਣੀ ਚਾਹੀਦੀ ਹੈ ਤਾਂ ਜ਼ੋ ਅਜਿਹੇ ਕਿਰਤੀਆਂ ਨੂੰ ਬੋਰਡ ਦੀ ਇਸ ਸਕੀਮ ਦਾ ਅਸਲੀ ਮਾਇਨੇ ਵਿੱਚ ਉੱਚਿਤ ਫਾਇਦਾ ਮਿਲ ਸਕੇ। ਬੋਰਡ ਵਲੋ ਸਰਵ-ਸਮੰਤੀ ਨਾਲ ਇਸ ਸਬੰਧੀ ਸਹਿਮਤੀ ਪ੍ਰਗਟ ਕਰਦੇ ਹੋਏ ਯੋਗ ਅਤੇ ਸਰਲ ਸਕੀਮ ਬੋਰਡ ਦੀ ਅਗਲੀ ਮੀਟਿੰਗ ਵਿੱਚ ਅਜੰਡੇ ਦੇ ਰੂਪ ਵਿੱਚ ਪੇਸ਼ ਕਰਨ ਲਈ ਹਦਾਇਤ ਕੀਤੀ ਗਈ।

| | |
|---|---|
| **13ਵੀਂ ਮੀਟਿੰਗ ਅਜੰਡਾ ਆਈਟਮ ਨੰ:5** | **ਬੋਰਡ ਨੂੰ 30.4.2009 ਤੋਂ 'ਟ੍ਰਸਟ' ਰਜਿਸਟਰਡ ਕਰਵਾਨ ਲਈ ਐਪੀਲੇਟ ਟ੍ਰਿਬਿਊਨਲ ਪਾਸ ਦਾਇਰ ਕੀਤੀ ਅਪੀਲ ਦੀ ਪੈਰਵੀ ਕਰਨ ਲਈ ਐਕਸਪਰਟ ਵਕੀਲ engage ਕਰਨ ਬਾਰੇ।** |

ਇਸ ਅਜੰਡਾ ਆਈਟਮ ਬਾਰੇ ਵਿਚਾਰ ਵਟਾਂਦਰੇ ਉਪਰੰਤ ਆਮਦਨ ਕਰ ਵਿਭਾਗ ਦੇ ਹੁਕਮ ਮਿਤੀ 25.8.2010 ਵਿਰੁੱਧ ਬੋਰਡ ਵਲੋਂ ਆਮਦਨ ਕਰ ਐਪੀਲੇਟ ਟ੍ਰਿਬਿਊਨਲ ਪਾਸ ਜ਼ੋ ਅਪੀਲ ਕੀਤੀ ਹੋਈ ਹੈ ਉਸ ਦੀ ਪੈਰਵੀ ਕਰਨ ਲਈ ਬੋਰਡ ਵਲੋਂ ਐਕਸਪਰਟ ਵਕੀਲ engage ਕਰਨ ਬਾਰੇ ਤਜਵੀਜ ਪ੍ਰਵਾਨ ਕੀਤੀ ਗਈ।

| | |
|---|---|
| **13ਵੀਂ ਮੀਟਿੰਗ ਅਜੰਡਾ ਆਈਟਮ ਨੰ:6** | **ਬੋਰਡ ਦੇ ਲਾਭਪਾਤਰੀਆਂ ਦਾ ਰਜਿਸਟਰ ਰੱਖਣ ਬਾਰੇ।** |

ਮੈਂਬਰ ਸਹਿਬਾਨ ਵਲੋਂ ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਪ੍ਰੇਖਣ ਕੀਤਾ ਗਿਆ ਕਿ ਬਿਲਡਿੰਗ ਐਂਡ ਅਦਰ ਕੰਸਟਕਰਸ਼ਨ ਵਰਕਰਜ਼ ਐਕਟ 1996 ਦੀ ਧਾਰਾ 15 ਵਿੱਚ ਦਰਜ ਉਪਬੰਧਾਂ ਅਨੁਸਾਰ ਬੋਰਡ ਦੇ ਸਕੱਤਰ ਨੂੰ ਪਹਿਲਾਂ ਹੀ ਇਹ ਅਖਤਿਆਰ ਹੈ ਕਿ ਉਹ ਕਿਸੇ ਬਿਲਡਿੰਗ ਜਾਂ ਹੋਰ ਉਸਾਰੀ ਕਰਨ ਵਾਲੇ ਮਾਲਕ ਵਲੋਂ ਲਾਭਪਾਤਰੀਆਂ ਸਬੰਧੀ ਰੱਖੇ ਰਜਿਸਟਰ ਦੀ ਬਿਨਾ ਪੂਰਵ ਨੋਟਿਸ ਦਿਤੇ ਨਰੀਖਣ ਕਰ ਸਕਦੇ ਹਨ। ਇਸ ਸਬੰਧ ਵਿੱਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਸਕੱਤਰ ਬੋਰਡ ਦੇ ਨਾਲ ਨਾਲ ਇਹ ਅਖਤਿਆਰ ਕਿਰਤ ਵਿਭਾਗ ਦੇ ਖੇਤਰੀ ਅਧਿਕਾਰੀਆਂ ਜਿਵੇਂ ਕਿ ਸਾਰੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਅਤੇ ਕਿਰਤ ਇੰਸਪੈਕਟਰ ਗ੍ਰੇਡ-1 / 2 ਨੂੰ ਵੀ ਅਪਣੇ ਅਪਣੇ ਅਧਿਕਾਰ ਖੇਤਰ ਵਿੱਚ ਨਰੀਖਣਾ ਕਰਨ ਲਈ ਦੇ ਦੇਣੇ ਚਾਹੀਦੇ ਹਨ ਅਤੇ ਸਦਰ ਦਫਤਰ ਦੇ ਅਧਿਕਾਰੀਆਂ ਨੂੰ ਇਹ ਅਖਤਿਆਰ ਦੇਣ ਦੀ ਕੋਈ ਜਰੂਰਤ ਨਹੀਂ ਹੈ ਕਿਉਂਕਿ ਇਸ ਨਾਲ ਨਰੀਖਣਾਂ ਦੀ duplicacy ਹੋਵੇਗੀ। ਬੋਰਡ ਵਲੋਂ ਇਸ ਸਬੰਧੀ ਸਰਵ-ਸਮੰਤੀ ਨਾਲ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਨਾਲ ਹੀ ਇਹ ਫੈਸਲਾ ਹੋਇਆ ਕਿ ਐਕਟ ਦੀ ਧਾਰਾ 15 ਅਧੀਨ ਨਰੀਖਣ ਕਰਨ ਤੋਂ ਪਹਿਲਾਂ ਖੇਤਰੀ ਅਧਿਕਾਰੀ ਸਕੱਤਰ ਬੋਰਡ ਤੋਂ ਪੂਰਵ-ਪ੍ਰਵਾਨਗੀ ਲਿਆ ਕਰਨਗੇ।

## ਜਨਰਲ

ਮੀਟਿੰਗ ਦੇ ਅੰਤ ਵਿੱਚ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਨੂੰ ਕਾਰਗਰ ਤਰੀਕੇ ਨਾਲ ਲਾਗੂ ਕਰਨ ਅਤੇ ਬੋਰਡ ਦੀ ਗਤੀਵਿਧੀਆਂ ਵਿੱਚ ਹੋਰ ਸੁਧਾਰ ਲਿਆਉਣ ਲਈ ਕੁਝ ਅਹਿਮ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ:-

1) ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਬੋਰਡ ਦੁਆਰਾ ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਚਲਾਈ ਜਾ ਰਹੀ 'ਸਕਿਲ ਅਪਗੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ' ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਲਈ ਵਿਭਾਗੀ ਅਧਿਕਾਰੀਆਂ ਦੀ ਕਮੇਟੀ ਬਣਾਈ ਜਾਵੇ ਅਤੇ ਇਸ ਸਬੰਧੀ ਮੁਕੰਮਲ ਤਜਵੀਜ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਵਿਭਾਗੀ ਅਧਿਕਾਰੀਆਂ ਦੀ ਕਮੇਟੀ ਬਨਾਉਣ ਲਈ ਸਕੱਤਰ ਬੋਰਡ ਨੂੰ ਅਧਿਕਾਰਤ ਕੀਤਾ ਗਿਆ।
2) ਪ੍ਰਮੁੱਖ ਸਕੱਤਰ ਜੀ ਵਲੋਂ ਕਿਹਾ ਗਿਆ ਕਿ ਬੋਰਡ ਦੀ ਐਕਸਗ੍ਰੇਸ਼ੀਆ ਸਕੀਮ ਅਧੀਨ ਲਾਭਪਾਤਰੀ ਦੀ ਮੋਤ ਦੀ ਸੂਰਤ ਵਿੱਚ 1 ਲੱਖ ਰੁਪਏ ਬਤੋਰ ਐਕਸਗ੍ਰੇਸ਼ੀਆ ਦੇਣ ਦਾ ਪ੍ਰਾਵਧਾਨ ਹੈ। ਉਨ੍ਹਾਂ ਵਲੋਂ ਇਸ ਸਕੀਮ ਅਧੀਨ ਮੁਆਵਜੇ ਦੀ ਰਾਸ਼ੀ ਵਧਾਉਣ ਅਤੇ ਇਸ ਬਾਰੇ ਐਲ.ਆਈ.ਸੀ ਅਧਿਕਾਰੀਆਂ ਨਾਲ ਗਲ-ਬਾਤ ਕਰਕੇ ਇਹ ਵਿਚਾਰ ਕਰਨ ਲਈ ਕਿਹਾ ਗਿਆ ਕਿ ਕੀ ਇਹ ਸਕੀਮ accidental death ਅਤੇ normal death ਦੀ ਸੂਰਤ ਵਿੱਚ ਵਿਅਕਤੀ ਦੀ ਲਾਈਫ ਇੰਸੋਰੈਂਸ ਨਾਲ ਜ਼ੋੜੀ ਜਾ ਸਕਦੀ ਹੈ ਅਤੇ ਕੀ ਅਜਿਹੀ ਸਕੀਮ ਐਲ.ਆਈ.ਸੀ ਦੀ ਕਿਸੇ ਗਰੁਪ ਇੰਸ਼ੋਰੈਂਸ ਸਕੀਮ ਵਿੱਚ ਕਵਰ ਕੀਤੀ ਜਾ ਸਕਦੀ ਹੈ।

3) ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਬੋਰਡ ਦੁਆਰਾ ਚਲਾਈ ਜਾ ਰਹੀ ਐਲ.ਟੀ.ਸੀ ਸਕੀਮ ਦੀ ਸੁਵਿਧਾ 4 ਸਾਲਾਂ ਦੀ ਬਜਾਏ, 2 ਸਾਲਾਂ ਵਿੱਚ ਇਕ ਵਾਰ ਦੇਣ ਲਈ ਇਸ ਸਕੀਮ ਤੇ ਮੁੜ ਵਿਚਾਰ ਕੀਤਾ ਜਾਵੇ ਅਤੇ ਬੋਰਡ ਦੀ ਅਗਲੀ ਮੀਟਿੰਗ ਵਿੱਚ ਸੋਧੀ ਤਜਵੀਜ ਪੇਸ਼ ਕੀਤੀ ਜਾਵੇ।

4) ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਬੋਰਡ ਦੀ ਪੈਨਸ਼ਨ ਸਕੀਮ ਅਧੀਨ ਘੱਟੋ-ਘੱਟ 5 ਸਾਲ ਦੀ ਮੈਂਬਰਸ਼ਿਪ ਉਪਰੰਤ 4000/- ਰੁਪਏ ਅਤੇ 20 ਸਾਲ ਦੀ ਮੈਂਬਰਸ਼ਿਪ ਉਪਰੰਤ ਵੱਧ ਤੋਂ ਵੱਧ 10000/- ਰੁਪਏ ਪ੍ਰਤੀ ਸਾਲ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ। ਉਨ੍ਹਾਂ ਵਲੋਂ ਸੁਝਾ ਦਿਤਾ ਗਿਆ ਕਿ ਇਸ ਸਬੰਧ ਵਿੱਚ ਮੁੜ ਵਿਚਾਰ ਕਰਕੇ ਵੇਖਿਆ ਜਾਣਾ ਚਾਹੀਦਾ ਹੈ ਕਿ ਕੀ ਪੈਨਸ਼ਨ ਦੀ ਰਕਮ ਵਧਾਈ ਜਾ ਸਕਦੀ ਹੈ?

5) ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਬੋਰਡ ਦੀ ਮੀਟਿੰਗ ਦੇ ਅਜੰਡੇ ਵਿੱਚ ਪਹਿਲੀ ਆਈਟਮ ਵਜੋਂ ਅਪ-ਟੂ ਡੇਟ ਅਕਾਊਂਟ ਦੀ ਸਥਿਤੀ ਦੱਸਦੇ ਹੋਏ ਮਹੀਨਾਵਾਰ ਖਰਚਾ ਦਰਸਾਇਆ ਜਾਵੇ। ਸਾਲ 2013-14 ਦੇ ਅਕਾਊਂਟਸ ਸੀ.ਏ ਪਾਸੋਂ ਆਡਿਟ ਕਰਵਾਉਣ ਉਪਰੰਤ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੇ ਜਾਣ।

6) ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਬੋਰਡ ਦੇ ਕੰਮ ਕਾਜ ਦੀ ਜ਼ੋ ਵੈਬ-ਸਾਈਟ ਵੀ-ਐਕਸਲ ਕੰਪਨੀ ਵਲੋਂ ਤਿਆਰ ਕੀਤੀ ਜਾ ਰਹੀ ਹੈ, ਉਹ ਇਕ ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕਰਵਾਕੇ ਪਹਿਲਾਂ ਮਾਨਯੋਗ ਕਿਰਤ ਮੰਤਰੀ ਜੀ ਨੂੰ ਵਿਖਾਈ ਜਾਵੇ ਅਤੇ ਬੋਰਡ ਦੀ ਅਗਲੀ ਮੀਟਿੰਗ ਵਿੱਚ ਵੀ-ਐਕਸਲ ਕੰਪਨੀ ਵਲੋਂ presentation ਕੀਤੀ ਜਾਣੀ ਯਕੀਨੀ ਬਣਾਈ ਜਾਵੇ।

7) ਸ੍ਰੀ ਕਰਤਾਰ ਸਿੰਘ ਰਾਠੋਰ ਮੈਂਬਰ ਵਲੋਂ ਪ੍ਰੇਖਣ ਕੀਤਾ ਗਿਆ ਕਿ ਬੋਰਡ ਦੀ ਗਤੀਵਿਧੀਆਂ ਬਾਰੇ ਸਾਲਾਨਾ ਰਿਪੋਟ ਬਾਬਤ ਸਾਲ 2013-14 ਅਨੁਸਾਰ ਜਿਲਾ ਫਰੀਦਕੋਟ, ਮਾਨਸਾ ਅਤੇ ਮੁਕਤਸਰ ਵਿੱਚ ਕਿਸੇ ਲਾਭਪਾਤਰੀ ਨੂੰ ਬੋਰਡ ਦੀ ਸਕੀਮਾਂ ਅਧੀਨ ਕੋਈ ਲਾਭ ਨਹੀਂ ਦਿਤੇ ਗਏ। ਇਸ ਸਬੰਧੀ ਮੈਂਬਰ ਸਕੱਤਰ ਵਲੋਂ ਸਪਸ਼ਟ ਕੀਤਾ ਗਿਆ ਕਿ ਫਰੀਦਕੋਟ ਅਤੇ ਮੁਕਤਸਰ ਜਿਲੇ ਸਹਾਇਕ ਕਿਰਤ ਕਮਿਸ਼ਨਰ ਮੋਗਾ ਅਤੇ ਮਾਨਸਾ ਜਿਲਾ ਸਹਾਇਕ ਕਿਰਤ ਕਮਿਸ਼ਨਰ ਬਠਿੰਡਾ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਜਿਨ੍ਹਾਂ ਦੇ ਸਰਕਲਾਂ ਵਿੱਚ ਲਾਭਪਾਤਰੀਆਂ ਨੂੰ ਲਾਭ ਦਿਤੇ ਹੋਏ ਹਨ। ਇਸ ਸਬੰਧੀ ਪ੍ਰਮੁੱਖ ਸਕੱਤਰ ਕਿਰਤ ਜੀ ਵਲੋ ਕਿਹਾ ਗਿਆ ਕਿ ਸਾਰੇ ਜਿਲਿਆਂ ਵਿੱਚ ਹੁਣ ਤੱਕ ਲਾਭਪਾਤਰੀਆਂ ਦੀ ਹੋਈ ਰਜਿਸਟ੍ਰੇਸ਼ਨ ਸਬੰਧੀ ਅੰਕੜੇ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੇ ਜਾਣ। ਖਾਸ ਤੋਰ ਤੇ ਜਿਲਾ ਫਰੀਦਕੋਟ, ਮਾਨਸਾ ਅਤੇ ਮੁਕਤਸਰ ਵਿੱਚ ਕਿਨੇ ਲਾਭਪਾਤਰੀ ਰਜਿਸਟਰ ਹੋਏ ਅਤੇ ਕਿਨੇ ਲਾਭਪਾਤਰੀਆਂ ਨੂੰ ਭਲਾਈ ਸਕੀਮਾਂ ਦੇ ਲਾਭ ਦਿਤੇ ਗਏ, ਬਾਰੇ ਸੂਚਨਾ ਅਗਲੀ ਮੀਟਿੰਗ ਵਿੱਚ ਦਿਤੀ ਜਾਵੇ।

ਉਪਰੋਕਤ ਜਨਰਲ ਮੁੱਦਿਆਂ ਬਾਰੇ ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਅਨੁਸਾਰ ਬੋਰਡ ਵਲੋਂ ਸਰਵ-ਸਮੰਤੀ ਨਾਲ ਸਕੱਤਰ ਬੋਰਡ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਦਿਸ਼ਾ ਨਿਰਦੇਸ਼ ਦਿਤੇ ਗਏ।

ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।